ਦਫਤਰ: ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ, ਲੋ:ਨਿ:ਵਿ:ਭ ਤੇ ਮ ਸ਼ਾਖਾ ਰੂਪਨਗਰ
ਪੀ.ਡਬਲਯੂ.ਡੀ. ਕੰਪਲੈਕਸ, ਨੇੜੇ ਮਿੰਨੀ ਸੈਕਰਟਰੀਏਟ, ਰੂਪਨਗਰ
ਫੋਨ No. 01881-220316 E-Mail: eecwdroppwdpb@gmail.com

ਸੇਵਾ ਵਿਖੇ,

ਵਣ ਮੰਡਲ ਅਫਸਰ,
ਰੂਪਨਗਰ ਵਣ ਮੰਡਲ,
ਜਿਲਾ ਰੂਪਨਗਰ।

ਨੰ: 1389 ਮਿਤੀ 01/9/2021

**ਵਿਸ਼ਾ-:** **Diversion of 0.440 Hectare forest land in favour of Punjab PWD B&R for "Construction of 4-laned Single span 135m long steel bridge on Phagwara-Banga-Nawanshahar-Ropar road at RD. 86.900 Sirhind canal of NH-344A including approaches in Ropar city in the State of Punjab".**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਿਤ ਸਟੀਲ ਬ੍ਰਿਜ ਦੀ ਪ੍ਰਸ਼ਾਸਕੀ ਤੇ ਟੈਕਨੀਕਲ ਪ੍ਰਵਾਨਗੀ ਮਨਿਸਟਰੀ ਆਫ ਰੋਡ ਟਰਾਂਸਪੋਰਟ ਐਂਡ ਹਾਈਵੇਜ, ਨਵੀਂ ਦਿੱਲੀ ਵੱਲੋਂ ਪੱਤਰ ਨੰ: RW/CH/NH-344A/PB/W (New)/2020 Dated.31.05.2021 ਰਾਹੀਂ ਦਿੱਤੀ ਜਾ ਚੁੱਕੀ ਹੈ। ਇਸ ਪ੍ਰੋਜੈਕਟ ਦੀ ਉਸਾਰੀ ਵਾਲੀ ਕੁਝ ਥਾਂ ਆਪ ਦੇ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਪੈਂਦੀ ਹੈ। ਇਸ ਥਾਂ ਤੇ ਸਟੀਲ ਬ੍ਰਿਜ ਦੀ ਉਸਾਰੀ ਕਰਨ ਤੋਂ ਪਹਿਲਾਂ ਆਪ ਦੇ ਵਿਭਾਗ ਪਾਸੋਂ ਐਨ.ਓ.ਸੀ. ਜਰੂਰਤ ਹੈ। ਇਸ ਜਮੀਨ ਦੀ ਲੋੜੀਂਦੀ ਐਨ.ਓ.ਸੀ/ਡਾਈਵਰਸ਼ਨ ਸਬੰਧੀ ਫਾਰੈਸਟ ਕੇਸ ਤਿਆਰ ਕਰਕੇ ਮਨਿਸਟਰੀ ਆਫ ਇਨਵਾਰਿਨਮੈਂਟ, ਫਾਰੈਸਟ ਐਂਡ ਕਲਾਮੇਟ ਚੇਂਜ, ਭਾਰਤ ਸਰਕਾਰ ਦੇ ਪੋਰਟਲ ਦੇ ਅਪਲੋਡ ਕੀਤਾ ਜਾ ਚੁੱਕਾ ਹੈ (ਕਾਪੀ ਨੱਥੀ)।

ਇਸ ਲਈ ਆਪ ਜੀ ਨੂੰ ਇਸ ਪ੍ਰੋਜੈਕਟ ਵਿੱਚ ਆ ਰਹੀ ਆਪ ਦੇ ਵਿਭਾਗ ਦੀ ਜਮੀਨ ਦੀ ਡਾਈਵਰਸ਼ਨ ਕਰਨ ਸਬੰਧੀ ਫਾਰੈਸਟ ਕੇਸ ਦੀਆ ਹਾਰਡ ਕਾਪੀਆਂ (3 ਪੜਤਾਂ ਵਿੱਚ) ਤਿਆਰ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਜਮੀਨ ਦੀ ਡਾਈਵਰਸ਼ਨ ਸਬੰਧੀ ਲੋੜੀਂਦੀ ਕਾਰਵਾਈ ਤੁਰੰਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਮੌਕੇ ਤੇ ਸਟੀਲ ਬ੍ਰਿੱਜ ਦੀ ਉਸਾਰੀ ਦਾ ਕੰਮ ਜਲਦੀ ਸੁਰੂ ਕਰਵਾਇਆ ਜਾ ਸਕੇ।

**ਨੱਥੀ-**
1. **ਅਪਲੋਡ ਕੀਤੇ ਕੇਸ ਦੀ ਕਾਪੀ।**
2. **ਚੈੱਕ ਲਿਸਟ।**
3. **ਇਰੀਗੇਸ਼ਨ ਵਿਭਾਗ ਦੀ ਐਨ.ਓ.ਸੀ.**
4. **ਪ੍ਰੋਜੈਕਟ ਦੀ ਮੰਨਜੂਰੀ ਅਤੇ ਟੈਕਨੀਕਲ ਨੋਟ।**
5. **ਮੈਪ ਅਤੇ ਡਰਾਇੰਗਾਂ।**
6. **ਲੋੜੀਂਦੇ ਫਾਰੈਸਟ ਏਰੀਏ ਦੀ ਕੈਲਕੁਲੇਸ਼ਨ।**
7. **ਫਾਰੈਸਟ ਏਰੀਆ ਕੈਲਕੁਲੇਸ਼ਨ ਮੈਪ ।**
8. **ਫਾਰੈਸਟ ਫ਼ੀਸ ਦੇ ਈ.ਚਲਾਨ।**

2472
24-09-2021

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ,
ਲੋ.ਨਿ.ਵਿ. (ਭ ਤੇ ਮ ਸ਼ਾਖਾ), ਰੂਪਨਗਰ।

**ਪਿੱਠ ਅੰਕਣ ਨੰ.** **ਮਿਤੀ.**

ਇਸ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਨੈਸ਼ਨਲ ਹਾਈਵੇ ਉਪ ਮੰਡਲ, ਲੋ.ਨਿ.ਵਿ. (ਭ ਤੇ ਮ), ਰੂਪਨਗਰ ਨੂੰ ਉਨਾਂ ਦੇ ਪੱਤਰ ਨੰ.561 ਮਿਤੀ 01.09.2021 ਦੇ ਸਬੰਧ ਵਿੱਚ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

P.T.O

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ,
ਲੋ.ਨਿ.ਵਿ. (ਭ ਤੇ ਮ ਸ਼ਾਖਾ), ਰੂਪਨਗਰ।

Scanned with CamScanner

: 2 :

ਪਿੱਠ ਅੰਕਣ ਨੰਬਰ: 5157-58 /

ਮਿਤੀ: 27-09-2021 /

ਉਪਰੋਕਤ ਦੀ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ :-

1) ਵਣ ਰੇਜ ਅਫਸਰ, ~~ਸ੍ਰੀ ਚਮਕੌਰ ਸਾਹਿਬ~~ ਰੂਪਨਗਰ ਨੂੰ ਸਮੇਤ ਫਾਈਲ (ਮੋੜਨ ਯੋਗ) ਭੇਜ ਕਿ ਲਿਖਿਆ ਜਾਂਦਾ ਹੈ ਕਿ ਉਕੱਤ ਕੇਸ ਦਾ ਯੂਜਰ ਏਜੰਸੀ ਨਾਲ ਸਾਂਝੇ ਤੌਰ ਤੇ ਮੌਕਾ ਚੈਕ ਕਰਕੇ ਐਫ.ਸੀ.ਏ. 1980 ਤਹਿਤ ਮੁਕੰਮਲ ਫੀਲਡ ਵੈਰੀਫਿਕੇਸਨ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਹ ਕੇਸ ਹਰ ਪੱਖੋ ਮੁਕੰਮਲ ਕਰਕੇ ਅਗਲੀ ਕਾਰਵਾਈ ਲਈ ਉਚੱ ਅਧਿਕਾਰੀਆਂ ਨੂੰ ਭੇਜਿਆ ਜਾ ਸਕੇ। ਰਿਪੋਟ ਵਿੱਚ ਇਹ ਵੀ ਸਪਸਟ ਕੀਤਾ ਜਾਵੇ ਕਿ ਇਸ ਪ੍ਰੋਪੋਜਲ ਵਿੱਚ ਕਿੰਨਾਂ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ ਅਤੇ ਇਸ ਵਣ ਰਕਬੇ ਵਿੱਚੋ ਕਿੰਨੇ ਰੁੱਖ ਪ੍ਰਭਾਵਿਤ ਹੋਣਗੇ। ਪ੍ਰਭਾਵਿਤ ਹੋਣ ਵਾਲੇ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ ਵਿੱਚੋ ਟਰਾਂਸਲੋਕੇਟ ਹੋਣ ਵਾਲੇ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ ਵੱਖਰੇ ਤੌਰ ਤੇ ਬਣਾਈਆਂ ਜਾਣ ਅਤੇ ਟਰਾਂਸਲੋਕੇਟ ਨਾ ਹੋਣ ਵਾਲੇ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ ਵੱਖਰੇ ਤੌਰ ਤੇ ਬਣਾਈਆਂ ਜਾਣ। ਟਰਾਂਸਲੋਕੇਟ ਹੋਣ ਵਾਲੇ ਰੁੱਖਾਂ ਦਾ ਐਸਟੀਮੇਟ ਵੀ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ ਅਤੇ ਇਹਨਾਂ ਰੁੱਖਾਂ ਦੀ ਬਣਦੀ ਮਾਰਕਿੰਗ ਫੀਸ ਵੀ ਯੂਜਰ ਏਜੰਸੀ ਤੋਂ ਜਮਾਂ ਕਰਵਾਕੇ ਰਸੀਦ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।

2) ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ, ਲੋ:ਨਿ:ਵਿ: (ਭ ਤੇ ਮ ਸਾਖਾ), ਐਸ.ਏ.ਐਸ. ਨਗਰ ਨੂੰ ਭੇਜ ਕਿ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਸਬੰਧਤ ਅਧਿਕਾਰੀ/ਕਰਮਚਾਰੀ ਦੀ ਡਿਊਟੀ ਲਗਾਕੇ ਉਕੱਤ ਕੇਸ ਵਿੱਚ ਪ੍ਰੋਪੋਜਡ ਵਣ ਰਕਬੇ ਦਾ ਮੌਕਾ ਵਣ ਰੇਜ ਅਫਸਰ, ~~ਸ੍ਰੀ ਚਮਕੌਰ ਸਾਹਿਬ~~ ਰੂਪਨਗਰ ਨੂੰ ਚੈਕ ਕਰਵਾਕੇ ਐਫ.ਸੀ.ਏ. 1980 ਤਹਿਤ ਮੁਕੰਮਲ ਫੀਲਡ ਵੈਰੀਫਿਕੇਸਨ ਰਿਪੋਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਆਪ ਦੇ ਕੇਸ ਤੇ ਅਗਲੀ ਕਾਰਵਾਈ ਕੀਤੀ ਜਾ ਸਕੇ।

ਸਹਿਪੱਤਰ : ਉਕੱਤ ਅਨੁਸਾਰ ਨੱਥੀ।

ਵਣ ਮੰਡਲ ਅਫਸਰ, O/C
ਰੂਪਨਗਰ।

Scanned with CamScanner